# 14

# ਖ਼ੁਦਾਈ ਕੀ ਹੈ?

ਆਪਣੀ ਸ਼ਾਨਦਾਰ ਕਿਤਾਬ *ਸਿਨੋਨਿਮਜ਼ ਆਫ਼ ਦ ਨਿਊ ਟੈਸਟਾਮੈਂਟ* ਵਿਚ ਰਿਚਰਡ ਸੀ. ਟ੍ਰੈਂਚ ਨੇ ਦਾਅਵਾ ਕੀਤਾ ਹੈ ਕਿ ਖ਼ੁਦਾ ਨੂੰ ਪੂਰੀ ਤਰ੍ਹਾਂ ਬਿਆਨ ਕਰਦਾ *theos* ਭਾਵ ''ਜਿਸ ਅੱਗੇ ਦੁਆ ਕੀਤੀ ਗਈ ਹੋਵੇ'' ਨਾਲ ਲਿਆ ਗਿਆ ਨਵੇਂ ਨੇਮ ਦਾ ਇੱਕੋ ਸ਼ਬਦ *theotes* (ਕੁਲੁੱਸੀਆਂ 2:9)[1] ਹੈ ਜਿਸਦਾ ਅੰਗ੍ਰੇਜ਼ੀ ਅਨੁਵਾਦ ''Godhead'' (AV, ASV), ''Deity'' (NASB, NIV) ਅਤੇ ''deity'' (RSV) ਹੈ। ਕੋਈ ਵੀ ਮਨੁੱਖ ਇਹ ਨਹੀਂ ਜਾਣਦਾ ''ਖ਼ੁਦਾਈ'' ਸ਼ਬਦ ਵਿਚ ਕਿੰਨਾ ਕੁਝ ਹੈ। ਸੋਪਰ ਨੇ ਅੱਯੂਬ ਨੂੰ ਚੁਣੌਤੀ ਦਿੱਤੀ ਸੀ, ''ਭਲਾ, ਤੂੰ ਖੋਜ ਨਾਲ ਪਰਮੇਸ਼ੁਰ ਨੂੰ ਲੱਭ ਸੱਕਦਾ, ਯਾ ਸਰਬ ਸ਼ਕਤੀਮਾਨ ਨੂੰ ਸੰਪੂਰਨਤਾਈ ਤੀਕ ਪਾ ਸਕਦਾ ਹੈਂ?'' (ਅੱਯੂਬ 11:7)। ਪੌਲੁਸ ਨੇ ਲਿਖਿਆ ਹੈ ਕਿ ਕੋਈ ਵੀ ਇਸ ਤੱਥ ਨਾਲ ਉਲਝ ਨਹੀਂ ਸਕਦਾ ਕਿ ''ਭਗਤੀ ਦਾ ਭੇਤ ਵੱਡਾ ਹੈ'' (1 ਤਿਮੋਥਿਉਸ 3:16)। ਉਸ ਨੇ ਇਸ ਜੀਵਨ ਵਿਚ ਖ਼ੁਦਾ ਦੀ ਸੰਪੂਰਨਤਾਈ ਨੂੰ ਪੂਰੀ ਤਰ੍ਹਾਂ ਸਮਝਣ ਦੀ ਗੱਲ ਛੱਡ ਦਿੱਤੀ ਸੀ। ''ਵਾਹ ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹਦੇ ਨਿਆਉਂ ਕੇਡੇ ਅਣਲੱਭ ਹਨ ਅਤੇ ਉਹਦੇ ਰਾਹ ਕੇਡੇ ਬੇਖੋਜ ਹਨ!'' (ਰੋਮੀਆਂ 11:33)।

ਵਿਹਾਰਿਕ ਪੱਧਰ ਤੇ ਬੇਸ਼ੱਕ ਖ਼ੁਦਾ ਚਾਹੁੰਦਾ ਹੈ ਕਿ ਅਸੀਂ ਉਸ ਨੂੰ ਜਾਣੀਏ ਕਿਉਂਕਿ ਉਸਨੂੰ ਜਾਣ ਕੇ ਹੀ ਅਸੀਂ ਸੁਰਗ ਵਿਚ ਜਾ ਸਕਦੇ ਹਾਂ। ''ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹਨੂੰ ਤੈਂ ਘੱਲਿਆ ਜਾਣਨ'' (ਯੂਹੰਨਾ 17:3)। ਪ੍ਰੇਮੀ ਪਰਮੇਸ਼ੁਰ ਸਾਨੂੰ ਅਜਿਹਾ ਕੰਮ ਕਰਨ ਲਈ ਨਹੀਂ ਆਖਦਾ ਜੋ ਨਾਮੁਮਕਿਨ ਹੋਵੇ ਅਤੇ ਉਹਦੇ ਹੁਕਮ ਔਖੇ ਨਹੀਂ ਹਨ (1 ਯੂਹੰਨਾ 5:3)। ਪੈਦਲ ਚੱਲਣ ਵਾਲੇ ਆਮ ਆਦਮੀ ਨੂੰ ਵੀ ਛੁਟਕਾਰਾ ਦੇਣ ਵਾਲਾ ਖ਼ੁਦਾ ਦਾ ਗਿਆਨ ਮਿਲ ਸਕਦਾ ਹੈ (ਯਸਾਯਾਹ 35:8)। ''ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ'' (ਅਫ਼ਸੀਆਂ 5:17)।

## ''ਏਲੋਹੀਮ'' ਸ਼ਬਦ

ਜੇ ਯੂਨਾਨੀ ਸ਼ਬਦ *theos* ਉਹਦਾ ਅਰਥ ਦਿੰਦਾ ਹੈ, ''ਜਿਸ ਅੱਗੇ ਦੁਆ ਕੀਤੀ ਜਾਂਦੀ ਹੈ,'' ਤਾਂ ਇਬਰਾਨੀ ਸ਼ਬਦ *ਏਲੋਹੀਮ* ਵਿਚ ਵੀ ਅਜਿਹਾ ਹੀ ਵਿਚਾਰ ਹੈ, ਜਿਸ ਤੋਂ ਭਾਵ ''ਭੈ ਦਾਇਕ'' ਜਾਂ ''ਪਵਿੱਤਰ'' ਹੈ।[2] ਇਸ ਤਰ੍ਹਾਂ *ਏਲੋਹੀਮ* ਰੂਪ ਦਾ ਅਰਥ ਉਹਦੇ ਲਈ ਹੁੰਦਾ ਹੈ ਜਿਸਦੀ ਬੰਦਗੀ ਕੀਤੀ ਜਾਂਦੀ ਹੈ। ਪਰ ਵਿਆਕਰਣੀ ਰੂਪ ਵਿਚ ਇਸ ਸ਼ਬਦ ਦਾ ਅਨੁਵਾਦ ਕੂਚ 20:3 ਵਾਂਗ ''ਪਰਮੇਸ਼ੁਰ'' ਦਾ ਬਹੁਵਚਨ ਰੂਪ ਮਿਲਦਾ ਹੈ: ''ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ [*ਏਲੋਹੀਮ*] ਨਾ ਹੋਣ।'' ਇਹੀ ਰੂਪ ਉਤਪਤ 1:1 ਵਿਚ ਮਿਲਦਾ ਹੈ: ''ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪੰਨ ਕੀਤਾ।'' ਇਸ ਬਹੁਵਚਨ ਰੂਪ ਦੇ ਕਰਕੇ ਕੁਝ

ਲੋਕਾਂ ਨੇ ਬਾਈਬਲ ਤੇ ਬਹੁ-ਦੇਵਵਾਦ ਦੀ ਸਿੱਖਿਆ ਦੇਣ ਦਾ ਇਲਜ਼ਾਮ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਕਰਕੇ ਉਤਪਤ 1:1 ਦਾ ਉਨ੍ਹਾਂ ਦਾ ਅਨੁਵਾਦ ਇਵੇਂ ਹੋਵੇਗਾ: ''ਆਦਿ ਵਿਚ ਦੇਵਤਿਆਂ ਨੇ ਅਕਾਸ਼ ਅਤੇ ਧਰਤੀ ਨੂੰ ਬਣਾਇਆ।'' ਬਾਈਬਲ ਦੀਆਂ ਹੋਰ ਆਇਤਾਂ ਜ਼ੋਰ ਦੇ ਕੇ ਆਖਦੀਆਂ ਹਨ ਕਿ ਵਾਹਿਦ ਖ਼ੁਦਾ ਇੱਕੋ ਹੈ (ਵਿਵਸਥਾਸਾਰ 6:4; 1 ਕੁਰਿੰਥੀਆਂ 8:6)। ਇਸ ਕਰਕੇ ਕਦੇ ਕਿਸੇ ਵਿਦਵਾਨ ਨੇ ਉਤਪਤ 1:1 ਦਾ ਅਨੁਵਾਦ ''ਦੇਵਤਿਆਂ'' ਸ਼ਬਦ ਨਹੀਂ ਕੀਤਾ। ਜੇ ਉਤਪਤ 1:1 ਕਈ ਦੇਵਤਿਆਂ ਦੀ ਸਿੱਖਿਆ ਨਹੀਂ ਦਿੰਦੀ, ਤਾਂ *ਏਲੋਹੀਮ* ਸ਼ਬਦ ਬਹੁਵਚਨ ਰੂਪ ਵਿਚ ਕਿਉਂ ਹੈ? ਪੁਰਾਤੱਤਵ ਖੋਜ ਤੋਂ ਪਤਾ ਲਗਦਾ ਹੈ ਕਿ ਪੁਰਾਣੇ ਸਮੇਂ ਦੇ ਲੋਕ ਬਹੁਗਿਣਤੀ ਬਹੁਵਚਨ ਨਾਲ, ਵਡਿਆਈ ਜਾਂ ਸਨਮਾਨ ਦੀ ਵਰਤੋਂ ਕਰਦੇ ਸਨ। ਸਨਮਾਨ ਦਾ ਉਹ ਬਹੁਵਚਨ ਉਤਪਤ 42:30 ਵਿਚ ਮਿਲਦਾ ਹੈ। ਜਿੱਥੇ ਯੂਸਫ਼ ਦੇ ਭਰਾਵਾਂ ਨੇ ਕਿਹਾ, ''ਉਹ ਮਨੁੱਖ ਜਿਹੜਾ ਉਸ ਦੇਸ ਦਾ ਹਾਕਮ ਹੈ ਸਾਨੂੰ ਕਰੜਾਈ ਨਾਲ ਬੋਲਿਆ ਅਤੇ ਸਾਨੂੰ ਦੇਸ਼ ਦਾ ਖੋਜੀ ਠਹਿਰਾਇਆ।'' ਮੂਸਾ ਦੀ ਮੂਲ ਲਿਖਤ ਵਿਚ ਇਸ ਸ਼ਬਦ ਦੇ ਬਹੁਵਚਨ ਰੂਪ ''ਸੁਆਮੀਆਂ'' ਦੀ ਵਰਤੋਂ ਹੋਈ ਹੈ [ ਵੇਖੋ NASB] ਪਰ ਸਿਰਫ਼ ਸੰਦਰਭ ਤੋਂ ਹੀ ਪਤਾ ਲੱਗਦਾ ਕਿ ਇਹ ਇੱਕੋ ਆਦਮੀ ਭਾਵ ਯੂਸਫ਼ ਨੂੰ ਕਿਹਾ ਗਿਆ ਹੈ। ਇਸੇ ਕਰਕੇ ਅਨੁਵਾਦਕਾਂ ਨੇ ਇਸ ਵਾਕ ਅੰਸ਼ ਦਾ ਅਨੁਵਾਦ ''ਦੇਸ ਦਾ ਸੁਆਮੀ'' ਕਰਦਿਆਂ ਬਹੁਵਚਨ ਨੂੰ ਇਕ ਵਚਨ ਵਿਚ ਅਨੁਵਾਦ ਕੀਤਾ।

ਪਵਿੱਤਰ ਲਿਖਤ ਵਿਚ ਖ਼ੁਦਾ ਲਈ ਸ਼ਬਦ ਦੇ ਇਕ ਵਚਨ (*'eloah*) ਰੂਪ ਦੀ ਵਰਤੋਂ ਬਹੁਤ ਘੱਟ ਹੋਈ ਹੈ, ਪਰ ਬਹੁਵਚਨ ਰੂਪ 2,570 ਵਾਰ ਆਉਂਦਾ ਹੈ। ਇਸ ਨਾਲ ਇਹ ਸਾਫ਼ ਹੈ ਕਿ ਅਨੁਵਾਦਕ ਇੱਕੋ ਤਰ੍ਹਾਂ ਨਾਲ ਉਤਪਤ 1:1 ਵਿਚ ਪਾਏ ਜਾਣ ਵਾਲੇ ਸ਼ਬਦ ਨੂੰ ਇਕ ਵਚਨ ਰੂਪ ਵਿਚ ਲੈਂਦੇ ਹਨ। ਅੰਗ੍ਰੇਜ਼ੀ ਦੇ ਅਨੁਵਾਦ ਵਿਚ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਖ਼ੁਦਾ ਲਈ ਪਹਿਲਾ ਅੱਖਰ ਵੱਡਾ ਹੋਵੇ ਭਾਵ ਉਹ ਇਸ ਨੂੰ ''God'' ਹੀ ਲਿਖਦੇ ਹਨ। ਬਾਈਬਲ ਦਾ ਵਿਦਿਆਰਥੀ ਕਿਸੇ ਵੀ ਦੇਵਤੇ ਜਾਂ ਬਹੁਤ ਸਾਰੇ ਦੇਵਤਿਆਂ ਨੂੰ ਸੰਸਾਰ ਦੇ ਸਿਰਜਣਹਾਰ ਦੇ ਰੂਪ ਵਿਚ ਨਹੀਂ ਮੰਨਦਾ।

## ਤ੍ਰਿਏਕਤਾ

*ਏਲੋਹੀਮ* ਦੇ ਬਹੁਵਚਨ ਦੀ ਇਕ ਹੋਰ ਅਹਿਮੀਅਤ ਵੀ ਹੋ ਸਕਦੀ ਹੈ। ਭਾਵੇਂ ਬਾਈਬਲ ਦੀ ਖ਼ੁਦਾਈ ਇਕ ਇਕਾਈ ਹੈ (ਵਿਵਸਥਾਸਾਰ 6:4 ਵਿਚ *ehad*; 1 ਕੁਰਿੰਥੀਆਂ 8:6 ਵਿਚ *heis*); ਪਰ ਉਹ ਇਕ ਤ੍ਰਿਏਕ ਜੀਵ ਭਾਵ ਤ੍ਰਿਏਕਤਵ ਜਾਂ ਤਸਲੀਸ ਵੀ ਹੈ। ਉਤਪਤ 1:26 ਵਿਚ ਖ਼ੁਦਾ ਨੇ ਆਖਿਆ, ''ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ।'' ਬਾਈਬਲ ਦੀ ਦੂਜੀ ਆਇਤ ਖ਼ੁਦਾ ਨੂੰ ਸਿਰਜਣਹਾਰੀ ਕੰਮ ਦੇ ਇਕ ਹਿੱਸੇ ਦੇ ਰੂਪ ਵਿਚ ਵਿਖਾਉਂਦੀ ਹੈ। ਦੂਜੀਆਂ ਆਇਤਾਂ ਤੋਂ ਪਤਾ ਲਗਦਾ ਹੈ (ਯੂਹੰਨਾ 1:3; ਕੁਲੁੱਸੀਆਂ 1:16) ਕਿ ਸੰਸਾਰ ਦੀ ਰਚਨਾ ਵਿਚ ਯਿਸੂ ਦਾ ਯੋਗਦਾਨ ਸੀ। ਇਸ ਤੋਂ ਸਾਫ਼ ਹੁੰਦਾ ਹੈ ਕਿ ਖ਼ੁਦਾਈ ਵਿਚ ਤਿੰਨ ਸ਼ਖ਼ਸ ਹਨ। ਇਨ੍ਹਾਂ ਵਿਸ਼ਿਆਂ ਨੂੰ ਪਰਗਟ ਨਹੀਂ ਕੀਤਾ ਗਿਆ ਕਿ ਇਹ ਤਿੰਨੇ ਇਕ ਕਿਵੇਂ ਹੋ ਸਕਦੇ ਹਨ ਅਤੇ ਇਕ ਤਿੰਨ ਕਿਵੇਂ ਹੋ ਸਕਦਾ ਹੈ (ਵਿਵਸਥਾਸਾਰ 29:29), ਪਰ ਬਾਈਬਲ ਦੇ ਤੱਥ ਵਿਚ ਕੋਈ ਸ਼ੱਕ ਨਹੀਂ ਹੈ।

# ਖੁਦਾ ਬਾਪ

''ਇਕੋ ਆਤਮਾ ... ਇੱਕੋ ਪ੍ਰਭੂ ... ਇੱਕੋ ਪਰਮੇਸ਼ੁਰ ਅਤੇ ਪਿਤਾ'' (ਅਫ਼ਸੀਆਂ 4:4-6), ਵਿਸ਼ਵਾਸ ਦੀਆਂ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਤੇ ਸਮਝੌਤਾ ਨਹੀਂ ਹੋ ਸਕਦਾ ਅਤੇ ਇਹ ਗੱਲਾਂ ਭਾਈਆਂ ਵਿਚ ਮਿਲਾਪ ਦੀ ਏਕਤਾ ਨਾਲ ਵੀ ਅਹਿਮ ਹਨ। ਯਿਸੂ ਨੇ ਪਿਤਾ ਹੋਣ ਦਾ ਦਾਅਵਾ ਨਹੀਂ ਕੀਤਾ। (ਉਸਦੇ ''ਅਨਾਦੀ ਪਿਤਾ'' ਹੋਣ ਦੀ ਯਸਾਯਾਹ 9:6 ਦੀ ਭਵਿੱਖਬਾਣੀ ਉਸ ਦੇ ''ਅਨੰਤ ਕਾਲ ਦਾ ਪਿਤਾ'' ਹੋਣ ਵਾਂਗ ਹੀ ਸਹੀ ਹੈ, ਜਿਸਤੋਂ ਉਸਦੇ ਸਮੇਂ ਦੀ ਹੱਦ ਵਿਚ ਨਾ ਰਹਿਣ ਦਾ ਸੰਕੇਤ ਮਿਲਦਾ ਹੈ)। ਯਿਸੂ ''ਪਿਤਾ'' ਨਾਲੋਂ ਆਪਣੇ ਆਪ ਨੂੰ ਫ਼ਰਕ ਮੰਨਦਾ ਸੀ, ਜਿਸ ਤੇ ਉਹ ਨਿਰਭਰ ਸੀ ਅਤੇ ਜਿਸ ਅੱਗੇ ਉਹ ਦੁਆ ਕਰਦਾ ਸੀ। ਉਸਦੀਆਂ ਦੁਆਵਾਂ ''ਹੇ ਪਿਤਾ'' (ਜਿਵੇਂ ਯੂਹੰਨਾ 17:1 ਵਿਚ) ਨਾਲ ਸ਼ੁਰੂ ਹੁੰਦੀਆਂ ਸਨ ਅਤੇ ਉਸਦਾ ਸੰਦੇਸ਼ ਸੁਣਨ ਵਾਲਿਆਂ ਨੂੰ ''ਤੁਹਾਡਾ ਪਿਤਾ'' ਅਤੇ ''ਤੁਹਾਡਾ ਸੁਰਗੀ ਪਿਤਾ'' (ਮੱਤੀ 5:45, 48) ਆਖ ਕੇ ਸੰਬੋਧਨ ਕੀਤਾ ਜਾਂਦਾ ਸੀ। ਉਸਨੇ ਆਪਣਿਆਂ ਚੇਲਿਆਂ ਨੂੰ ਸਿਖਾਇਆ ਕਿ ਸੰਸਾਰ ਦੇ ਖ਼ੁਦਾ ਨੂੰ ''ਸਾਡਾ ਪਿਤਾ'' (ਮੱਤੀ 6:9) ਆਖ ਕੇ ਸੰਬੋਧਨ ਕਰਨ। ਬੈਤਨੀਆ ਦੇ ਕਬਰਸਤਾਨ ਵਿਚ, ''ਯਿਸੂ ਨੇ ਅੱਖਾਂ ਉਤਾਹਾਂ ਕਰ ਕੇ ਆਖਿਆ, ਹੇ ਪਿਤਾ ਮੈਂ ਤੇਰਾ ਸ਼ੁਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ ...'' (ਯੂਹੰਨਾ 11:41, 42)।

ਸਲੀਬ ਦਾ ਸੰਤਾਪ ਨੇੜੇ ਆਉਣ ਤੇ, ਯਿਸੂ ਪਰੇਸ਼ਾਨ ਸੀ: ''ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ? ਪਰ ਇਸੇ ਲਈ ਮੈਂ ਇਸ ਘੜੀ ਤੀਕ ਆਇਆ ਹਾਂ। ਹੇ ਪਿਤਾ ਆਪਣੇ ਨਾਮ ਨੂੰ ਵਡਿਆਈ ਦੇ। ਤਦੋਂ ਇਹ ਸੁਰਗੀ ਬਾਣੀ ਆਈ ਜੋ ਮੈਂ ਉਹ ਨੂੰ ਵਡਿਆਈ ਦਿੱਤੀ ਹੈ ...'' (ਯੂਹੰਨਾ 12:27, 28)। ਇਹ ਗ਼ਲਤ ਧਾਰਣਾ ਹੈ ਕਿ ਯਿਸੂ ਮੁਕੰਮਲ ਖ਼ੁਦਾਈ ਹੈ, ਜ਼ਾਹਿਰ ਤੌਰ ਤੇ ਯਿਸੂ ਦੀ ਦੁਆ ਦੇ ਜਵਾਬ ਵਿਚ ਇਕ ਅਵਾਜ਼ ਨਾਲ ਜੋ ਉੱਪਰੋਂ ਆਈ ਸੀ ਕਿ ''ਉਹਨੂੰ ਵਡਿਆਈ ਦਿੱਤੀ ਹੈ ਅਰ ਫੇਰ ਵੀ ਦਿਆਂਗਾ'' (ਯੂਹੰਨਾ 12:28) ਉੱਥੇ ਖਲੋਤੇ ਕੁਝ ਲੋਕਾਂ ਨੂੰ ਲੱਗਾ ਕਿ ਉਨ੍ਹਾਂ ਨੇ ਕਿਸੇ ਗਰਜ ਦੀ ਅਵਾਜ਼ ਸੁਣੀ, ਜਦ ਕਿ ਹੋਰਨਾਂ ਨੂੰ ਲੱਗਾ ਕਿ ਕੋਈ ਫ਼ਰਿਸ਼ਤਾ ਯਿਸੂ ਨਾਲ ਗੱਲ ਕਰ ਰਿਹਾ ਹੈ। ਇਸ ਪੂਰੀ ਘਟਨਾ ਤੋਂ ਖ਼ੁਦਾਈ ਦੇ ਦੋ ਸ਼ਖ਼ਸਾਂ ਵਿਚ ਹੋਈ ਗੱਲਬਾਤ ਦਾ ਪਤਾ ਲਗਦਾ ਹੈ।

ਲੋਕਾਂ ਨੇ ਪਿਤਾ ਲਈ ਅਰਾਮੀ ਭਾਸ਼ਾ ਦੇ ਸ਼ਬਦ *ਅੱਬਾ* ਵਿਚ ਇਕ ਗੂੜ੍ਹ ਅਤੇ ਨਿਰਾਲਾ ਸਬੰਧ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਪਰ *ਅੱਬਾ* ਰੂਪ ਦਾ ਅਰਾਮੀ ਭਾਸ਼ਾ ਵਿਚ ਉਹੀ ਅਰਥ ਹੈ ਜੋ ਯੂਨਾਨੀ ਭਾਸ਼ਾ ਵਿਚ *ਪੇਟਰ* ਦਾ ਅਤੇ ਅੰਗ੍ਰੇਜ਼ੀ ਵਿਚ ''ਫ਼ਾਦਰ'' ਦਾ। ਜ਼ਾਹਿਰ ਹੈ ਕਿ ਯਿਸੂ ਨੇ ਗਤਸਮਨੀ ਬਾਗ਼ ਵਿਚ ਦੁਆ ਕਰਦਿਆਂ ਅਰਾਮੀ ਅਤੇ ਯੂਨਾਨੀ ਦੋਹਾਂ ਰੂਪਾਂ ਦੀ ਵਰਤੋਂ ਕੀਤੀ ਸੀ (ਮਰਕੁਸ 14:36)। ਉਹ ਉਸ ਤੋਂ ਦੁਆ ਕਰ ਰਿਹਾ ਸੀ ਜਿਹੜਾ ਯਿਸੂ ਨਾਲੋਂ ਅਲਹਿਦਾ ਸੀ ਜਿਸਨੂੰ ਉਹਨੇ ਜ਼ਿੰਦਗੀ ਅਤੇ ਮੌਤ ਉੱਤੇ ਅਖ਼ਤਿਆਰ ਵਾਲੇ ਦੇ ਰੂਪ ਵਿਚ ਮੰਨਿਆ ਸੀ। ਉਹ ਇਹ ਵੀ ਮੰਨਦਾ ਸੀ ਕਿ ਜਿਸ ਨੂੰ ਉਹ ''ਪਿਤਾ'' ਆਖਦਾ ਹੈ ਉਸ ਵਿਚ ਪਾਪ ਮਾਫ਼ ਕਰਨ ਦੀ ਸ਼ਕਤੀ ਹੈ। ਉਸ ਨੇ ਸਲੀਬ ਤੋਂ ਆਪਣੇ ਕਾਤਲਾਂ ਵਾਸਤੇ ਦੁਆ ਕੀਤੀ, ''ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ'' (ਲੂਕਾ 23:34)। ਜ਼ਾਹਿਰ ਹੈ ਕਿ ਉਹ ਜਿਸ ਨੂੰ ''ਪਰਮੇਸ਼ੁਰ ਪਿਤਾ'' ਆਖਿਆ ਜਾਂਦਾ ਹੈ ਅਤੇ ਜੋ ''ਪਰਮੇਸ਼ੁਰ ਪਿਤਾ'' ਅਤੇ ''ਪਰਮੇਸ਼ੁਰ ਪਵਿੱਤਰ ਆਤਮਾ'' ਤੋਂ ਫ਼ਰਕ ਹੈ ਅਤੇ ਸਰਬਉੱਚ

ਜੀਵ ਹੈ।

## ਪਰਮੇਸ਼ੁਰ ਪੁੱਤਰ

ਪਹਿਲਾਂ ਹੀ ਇਸ ਗੱਲ ਤੇ ਧਿਆਨ ਦਿੱਤਾ ਜਾ ਚੁਕਿਆ ਹੈ ਕਿ ਪਰਮੇਸ਼ੁਰ ਪਿਤਾ ਵੱਲੋਂ ਇਹ ਕਹੇ ਜਾਣ ਵੇਲੇ ਕਿ ''ਅਸੀਂ ਆਦਮੀ ਨੂੰ ਬਣਾਈਏ'' (ਉਤਪਤ 1:26) ਪਰਮੇਸ਼ੁਰ ਪੁੱਤਰ ਵੀ ਸੰਸਾਰ ਦੀ ਰਚਨਾ ਦੇ ਕੰਮ ਵਿਚ ਸ਼ਾਮਿਲ ਸੀ। ਬਹੁਤ ਸਾਰੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਪੁਰਾਣੇ ਨੇਮ ਵਿਚ ਖ਼ੁਦਾਈ ਦੇ ਦੂਸਰੇ ਸ਼ਖ਼ਸ ਨੂੰ ''ਯਹੋਵਾਹ ਦਾ ਦੂਤ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ। (ਵੇਖੋ ਉਤਪਤ 16:7; 22:15, 16; 31:11, 13; ਕੂਚ 3:2-4.) ਪਰ ਜੇ ਯਹੋਵਾਹ ਦਾ ਦੂਤ ਪਰਮੇਸ਼ੁਰ ਪੁੱਤਰ ਹੁੰਦਾ, ਤਾਂ ਉਸਨੇ ਬੰਦਗੀ ਕਰਵਾਉਣ ਤੋਂ ਇਨਕਾਰ ਨਹੀਂ ਕਰਨਾ ਸੀ (ਨਿਆਈਆਂ 13:16 )। ਯਿਸੂ ਬਾਰੇ, ਪਿਤਾ ਨੇ ਹੁਕਮ ਦਿੱਤਾ ਕਿ ''ਪਰਮੇਸ਼ੁਰ ਦੇ ਸੱਭੇ ਦੂਤ ਉਹ ਨੂੰ ਸਿਜਦਾ ਕਰਨ'' (ਇਬਰਾਨੀਆਂ 1:6)। ਯਹੋਵਾਹ ਦਾ ਫ਼ਰਿਸ਼ਤਾ ਇਕ ਮਹੱਤਵਪੂਰਣ ਜੀਵ ਤਾਂ ਸੀ ਪਰ ਖ਼ੁਦਾਈ ਦਾ ਦੂਸਰਾ ਸ਼ਖ਼ਸ ਨਹੀਂ।

ਕਿੰਗ ਜੇਮਸ ਦੇ ਅਨੁਵਾਦ ਅਤੇ ਪੰਜਾਬੀ ਅਨੁਵਾਦ ਵਿਚ, ਬਲਦੀ ਅੱਗ ਵਿਚ ਚਾਰ ਲੋਕਾਂ ਬਾਰੇ ਨਬੂਕਦਨੱਸਰ ਦੇ ਸ਼ਬਦਾਂ (''... ਅਤੇ ਚੌਥੇ ਦਾ ਸਰੂਪ ਦਿਓਤਿਆਂ ਦੇ ਪੁੱਤਰ ਦਾ ਹੈ''; ਦਾਨੀਏਲ 3:25) ਬਾਰੇ ਕਈ ਲੋਕ ਮੰਨਦੇ ਹਨ ਕਿ ਸ਼ਦਰਕ, ਮੇਸ਼ਕ ਤੇ ਅਬਦ-ਨਗੋ ਦੇ ਨਾਲ ਯਿਸੂ ਹੀ ਸੀ। ਮੁਮਕਿਨ ਹੈ, ਉਹੀ ਹੋਵੇ; ਪਰ ਉਸਦੇ ਸ਼ਬਦ ਅੱਖਰ-ਬ-ਅੱਖਰ ਹਨ ''ਚੌਥੇ ਦਾ ਸਰੂਪ ਦਿਓਤਿਆਂ ਦੇ ਪੁੱਤਰ ਦਾ ਹੈ।'' ਕੀ ਇਹ ਅਨੁਵਾਦ ਨਬੂਕਦਨੱਸਰ ਦੇ ਗਿਆਨ ਨਾਲ ਮੇਲ ਖਾਂਦਾ ਹੈ! ਭਾਵ ਇਹ ਸੰਭਵ ਨਹੀਂ ਹੈ ਕਿ ਮੂਰਤੀਪੂਜਕ ਰਾਜਾ ਖ਼ੁਦਾਈ ਦੇ ਦੂਜੇ ਸ਼ਖ਼ਸ ਭਾਵ ਪਰਮੇਸ਼ੁਰ ਪੁੱਤਰ ਬਾਰੇ ਜਾਣਦਾ ਹੋਵੇ।

ਪਰ ਇਹ ਤਾਂ ਸਾਫ਼ ਹੈ ਕਿ ਪੁਰਾਣੇ ਨੇਮ ਦੇ ਵੇਲੇ ਖ਼ੁਦਾਈ ਦਾ ਦੂਜਾ ਸ਼ਖ਼ਸ ਕਿਰਿਆਸ਼ੀਲ ਸੀ। ਉਹ ਸਿਰਜਣਹਾਰ ਹੀ ਨਹੀਂ, ਬਲਕਿ ਬਾਅਦ ਵਿਚ ਇਸਰਾਏਲੀਆਂ ਲਈ ਰੂਹਾਨੀ ਚੱਟਾਨ ਦੇ ਰੂਪ ਵਿਚ ਜਿਸ ਵਿੱਚੋਂ ਉਨ੍ਹਾਂ ਪੀਤਾ, ਉਜਾੜ ਵਿਚ ਵੀ ਉਨ੍ਹਾਂ ਦੇ ਨਾਲ-ਨਾਲ ਸੀ (1 ਕੁਰਿੰਥੀਆਂ 10:4)।

ਇਕ ਅਰਥ ਵਿਚ, ਸਭ ਲੋਕ ਖ਼ੁਦਾ ਦੇ ਪੁੱਤਰ ਹਨ (ਵੇਖੋ ਲੂਕਾ 3:38) ਅਤੇ ਫ਼ਰਿਸ਼ਤੇ ਖ਼ੁਦਾ ਦੇ ਪੁੱਤਰ (ਅੱਯੂਬ 1:6; 2:1) ਹਨ; ਪਰ ਇਕ ਅਰਥ ਵਿਚ ਸਿਰਫ਼ ਯਿਸੂ ਹੀ ਖ਼ੁਦਾ ਦਾ ਪੁੱਤਰ ਹੈ (ਜ਼ਬੂਰ 2:7; ਯੂਹੰਨਾ 1:18)। ਉਹ ਆਪਣੀ ਕਿਸਮ ਦਾ ਸਿਰਫ਼ ਇੱਕੋ ਹੈ ਭਾਵ ਸਭ ਤੋਂ ਵੱਖਰਾ ਹੈ। ਉਸ ਨੇ ਪਵਿੱਤਰ ਆਤਮਾ ਦੇ ਰਾਹੀਂ ਕੁਆਰੀ ਮਰੀਅਮ ਦੀ ਕੁੱਖੋਂ ਜਨਮ ਲਿਆ ਸੀ (ਲੂਕਾ 1:35); ਪਰ ਬੈਤਲਹਮ ਦੇ ਜਨਮ ਵਿਚ ਇਕ ਉਤੇਜਕ ਪਿਤਾ ਦੀ ਰੋਮਾਂਚਕਾਰੀ ਭਵਿੱਖ ਬਾਣੀ (''ਮੈਂ ਅੱਜ ਤੈਨੂੰ ਜਨਮ ਦੁਆਇਆ ਹੈ'' ਜ਼ਬੂਰ 2:7) ਦਾ ਕੋਈ ਹਵਾਲਾ ਨਹੀਂ ਸੀ। ਇਹ ਯਿਸੂ ਦੇ ਜੀ ਉੱਠਣ ਤੇ ਰਾਜਾ ਦੇ ਰੂਪ ਵਿਚ ਤਾਜ ਪਾਉਣ ਅਤੇ ਯਾਜਕ ਦੇ ਰੂਪ ਵਿਚ ਮਸਹ ਹੋਣ ਦੇ ਸਬੰਧ ਵਿਚ ਸੁਰਗ ਦੇ ਅਨੰਦ (ਕਿਸੇ ਘਰ ਵਿਚ ਜਨਮ ਦੇ ਐਲਾਨ ਦੀ ਖੁਸ਼ੀ ਦੀ ਤੁਲਨਾ ਵਿਚ) ਦਾ ਸੰਕੇਤਿਕ ਇਜ਼ਹਾਰ ਸੀ (ਰਸੂਲਾਂ ਦੇ ਕੰਮ 13:33; ਇਬਰਾਨੀਆਂ 1:5; 5:5)।

ਖ਼ੁਦਾਈ ਦੇ ਦੂਜੇ ਸ਼ਖ਼ਸ ਦੇ ਰੂਪ ਵਿਚ, ਹਕੀਕਤ ਵਿਚ ਉਹਦਾ ਕਦੇ ਜਨਮ ਨਹੀਂ ਹੋਇਆ ਸੀ। ਜਨਮ ਲੈਣ ਵਾਲਾ ਪੁੱਤਰ ਆਪਣੇ ਪਿਤਾ ਦੀ ਉਮਰ ਜਿੰਨਾ ਕਦੇ ਨਹੀਂ ਹੋ ਸਕਦਾ। ਜੇ ਯਿਸੂ

ਦਾ ਜਨਮ ਹੋਇਆ ਹੁੰਦਾ, ਤਾਂ ਉਹ ਪਹਿਲਾਂ ਨਹੀਂ ਹੋ ਸਕਦਾ ਸੀ (ਪ੍ਰਕਾਸ਼ ਦੀ ਪੋਥੀ 1:17)। ਉਹ ਰਚਨਾ ਦਾ ਆਰੰਭ ਨਹੀਂ ਸੀ, ਬਲਕਿ ਉਹ ਤਾਂ ਉਸ ਦਾ ਸ਼ੁਰੂ ਕਰਨ ਵਾਲਾ ਸੀ (ਪ੍ਰਕਾਸ਼ ਦੀ ਪੋਥੀ 3:14)। ਉਹ ਖ਼ੁਦ ਆਦਿ ਸੀ (ਪ੍ਰਕਾਸ਼ ਦੀ ਪੋਥੀ 22:13)। ਉਸ ਤੋਂ ਪਹਿਲਾਂ ਕੁਝ ਵੀ ਨਹੀਂ ਸੀ ਭਾਵ ਉਸ ਦੀ ਸ਼ੁਰੂਆਤ ਨਹੀਂ ਹੈ (ਮੀਕਾ 5:2; ਪ੍ਰਕਾਸ਼ ਦੀ ਪੋਥੀ 1:17)। ਇਸ ਲਈ ਸਿਰਫ਼ ਸੰਕੇਤਿਕ ਭਾਵ ਵਿਚ ਹੀ ਯਿਸੂ ਨੂੰ ਖ਼ੁਦਾ ਦਾ ਪੁੱਤਰ ਕਿਹਾ ਜਾ ਸਕਦਾ ਹੈ। ਜਿਸ ਅਰਥ ਵਿਚ ਉਹ ਖ਼ੁਦਾ ਬੇਟਾ ਹੈ ਉਸ ਵਿਚ ਉਹ ਸਾਰੇ ਇਨਸਾਨੀ ਜੀਵਾਂ ਅਤੇ ਫ਼ਰਿਸ਼ਤਿਆਂ ਤੋਂ ਬਹੁਤ ਉੱਪਰ ਹੈ ਅਤੇ ਖ਼ੁਦਾ ਨਾਲੋਂ ਘੱਟ ਨਹੀਂ ਹੈ। ਪਰਮੇਸ਼ੁਰ ਪਿਤਾ ਅਤੇ ਪਰਮੇਸ਼ੁਰ ਪਵਿੱਤਰ ਆਤਮਾ ਵਾਂਗ ਹੀ ਉਹ ਖ਼ੁਦਾਈ ਹੈ।

ਇਕ ਹੋਰ ਹੈਰਾਨ ਕਰਨ ਵਾਲੀ ਭਵਿੱਖਬਾਣੀ ਵਿਚ, ਪਰਮੇਸ਼ੁਰ ਪਿਤਾ ਨੇ ਲਿਖਿਆ ਸੀ ਕਿ ਉਹ 30 ਈਸਵੀ ਵਿਚ ਪੈਂਟੀਕਾਸਟ ਵਾਲੇ ਦਿਨ ਨੂੰ ਆਪਣੇ ਪੁੱਤਰ ਦੀ ਤਾਜਪੋਸ਼ੀ ਦਾ ਦਿਨ ਆਖੇਗਾ: ''ਤੇਰਾ ਸਿੰਘਾਸਣ ਹੇ ਪਰਮੇਸ਼ੁਰ ਸਦਾ ਤੀਕ ਹੈ'' (ਜ਼ਬੂਰ 45:6 )। ਪਿਤਾ ਯਿਸੂ ਨੂੰ ਪਰਮੇਸ਼ੁਰ ਆਖ ਰਿਹਾ ਸੀ ਜਿਸਦੀ ਤਸਦੀਕ ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਕੀਤੀ ਹੈ, ''ਪਰ ਪੁੱਤਰ ਦੇ ਵਿਖੇ, ਤੇਰਾ ਸਿੰਘਾਸਣ ਜੁੱਗੋ ਜੁੱਗ, ਹੇ ਪਰਮੇਸ਼ੁਰ ਹੈ'' (ਇਬਰਾਨੀਆਂ 1:8)। ਅਫ਼ਸੋਸ ਦੀ ਗੱਲ ਹੈ ਕਿ ਅੰਗ੍ਰੇਜ਼ੀ ਦੇ ਰਿਵਾਈਜ਼ਡ ਸਟੈਂਡਰਡ ਅਨੁਵਾਦ ਵਿਚ ਜ਼ਬੂਰ 45:6 ਵਿਚ ਪਿਤਾ ਵੱਲੋਂ ਯਿਸੂ ਨੂੰ ਪਰਮੇਸ਼ੁਰ ਕਹਿਣ ਦੀ ਗੱਲ ਕੱਢ ਦਿੱਤੀ ਗਈ ਹੈ। ਉੱਥੇ ਸਿਰਫ਼ ''Your divine throne endures for ever and ever'' ਲਿਖਿਆ ਗਿਆ ਹੈ। RSV ਵਿਚ ਯਿਸੂ ਨੂੰ ਖ਼ੁਦਾਈ ਸਿੰਘਾਸਣ ਤਾਂ ਦਿੱਤਾ ਗਿਆ ਹੈ ਪਰ ਉਹਦੇ ਖ਼ੁਦਾ ਹੋਣ ਦੀ ਗੱਲ ਕੱਢ ਦਿੱਤੀ ਹੈ।

ਆਉਣ ਵਾਲੇ ਮਸੀਹ ਬਾਰੇ ਇਕ ਹੋਰ ਭਵਿੱਖਬਾਣੀ (ਕਿ ਉਹ ਇਕ ਕੁਆਰੀ ਦਾ ਪੁੱਤਰ ਹੋਵੇਗਾ, ਯਸਾਯਾਹ 7:14) ਉਸਦੇ ਖ਼ੁਦਾ ਹੋਣ ਦੀ ਖ਼ਾਸੀਅਤ ਹੈ; ਕਿਉਂਕਿ ਜੇ ਉਹਦਾ ਜਨਮ ਕੁਆਰੀ ਤੋਂ ਨਹੀਂ ਹੋਇਆ ਤਾਂ ਉਹ ਸਾਡੇ ਨਾਲੋਂ ਵੱਧ ਖ਼ੁਦਾ ਨਹੀਂ ਹੋ ਸਕਦਾ। ਭਵਿੱਖਬਾਣੀ ਦੀ ਓਹੀ ਆਇਤ ਜੋ ਉਸਦੇ ਮਾਮਲੇ ਵਿਚ ਖ਼ੁਦਾ ਨੂੰ ਦਰਸਾਉਂਦੀ ਹੈ ਕਿ ''ਖ਼ੁਦਾ ਸਾਡੇ ਨਾਲ [ਹੈ]'' (ਮੱਤੀ 1:23) ਉਸ ਨੂੰ ''ਇਮਾਨੂਏਲ'' ਆਖਦੀ ਹੈ। ਯਿਸੂ ਦੇ ਹੋਰ ਨਾਮ, ''ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ'' (ਯਸਾਯਾਹ 9:6, 7) ਕਿਸੇ ਮਰਨਹਾਰ ਮਨੁੱਖ ਲਈ ਅਢੁਕਵੇਂ ਹੋਣਗੇ।

ਖ਼ੁਦਾ ਦੇ ਦੇਹ ਧਾਰਣ ਵਾਲੀ ਇਕ ਹੋਰ ਭਵਿੱਖਬਾਣੀ ਮੀਕਾ ਦੇ ਰਾਹੀਂ ਕੀਤੀ ਗਈ ਸੀ। ਉਸ ਨੇ ਬੈਤਲਹਮ ਵਿਚ ਜਨਮ ਲੈਣ ਵਾਲੇ ਦਾ ਦਰਸ਼ਣ ਵੇਖਿਆ ਜਿਸਨੇ ਓਥੋਂ ਨਹੀਂ ਹੋਣਾ ਸੀ, ਪਰ ਉਹਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ ਭਾਵ ਅਨਾਦੀਕਾਲ ਤੋਂ ਸੀ (ਮੀਕਾ 5:2)।

ਪਹਿਲਾਂ ਹੀ, ਪਰ ਸਾਫ਼ ਤੌਰ ਤੇ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਯਿਸੂ ਦੀ ਸੰਕੇਤਿਕ ਵਿਆਖਿਆ ਦਿੱਤੀ ਗਈ ਹੈ (ਜ਼ਬੂਰ 2:7)। ਇਹ ਨਾਮ ਖ਼ੁਦਾ ਨੇ ਲੋਕਾਂ ਨੂੰ ਸਾਫ਼ ਅਵਾਜ਼ ਵਿਚ ਯਿਸੂ ਦੇ ਬਪਤਿਸਮੇ (ਡੁਬਕੀ) ਵੇਲੇ ਅਤੇ ਫਿਰ ਉਸਦੇ ਰੂਪ ਬਦਲਣ ਵੇਲੇ ਪਹਾੜ ਤੇ ਵਰਤੇ ਸਨ (ਮੱਤੀ 3:17; 17:5)। ਖ਼ੁਦਾ ਦੇ ਇਸੇ ਖਾਸ ਅਰਥ ਵਿਚ ਚੇਲੇ ਉਸ ਨੂੰ ਪਾਣੀ ਤੇ ਚੱਲਦਿਆਂ ਵੇਖਣ ਦੇ ਬਾਅਦ ਪੁਕਾਰ ਉਠੇ ਸਨ ਕਿ ਉਹ ਖ਼ੁਦਾ ਦਾ ਪੁੱਤਰ ਹੈ (ਮੱਤੀ 14:33)। ਕੈਸਰੀਆ ਫ਼ਿਲਿੱਪੀ ਵਿਚ ਪਤਰਸ ਦੇ ਇਕਰਾਰ ਨੇ ਵੀ ਇਸ ਨਾਸਰੀ ਤਰਖਾਣ ਨੂੰ ਖ਼ੁਦਾ ਦਾ ਦਰਜਾ ਦੇ ਦਿੱਤਾ ਸੀ (ਮੱਤੀ 16:16)।

ਇਕ ਆਇਤ ਵਿਚ ਜਿੱਥੇ Jehovah's Witnesses (ਯਹੋਵਾਹ ਦੇ ਗਵਾਹ) ਯਿਸੂ ਨੂੰ ''ਇਕ ਈਸ਼ਵਰ'' (ਯੂਹੰਨਾ 1:1) ਤਕ ਹੇਠਾਂ ਲੈ ਆਏ ਹਨ, ਬਾਈਬਲ ਦੇ ਵਿਦਵਾਨਾਂ ਦਾ ਸਹੀ ਅਨੁਵਾਦ ਯਿਸੂ ਨੂੰ ''ਖ਼ੁਦਾ'' ਵਿਖਾਉਂਦਾ ਹੈ। ਤ੍ਰਿਏਕਤਾ ਦੀ ਧਾਰਣਾ ਤੋਂ ਬਚਣ ਦੀ ਭੁਲੇਖਾ ਪਾਊ ਕੋਸ਼ਿਸ਼ ਵਿਚ ਯਹੋਵਾਹ ਦੇ ਗਵਾਹ ਬਹੁ-ਦੇਵਵਾਦੀ ਬਣ ਗਏ ਹਨ। ਯਿਸੂ ਨੂੰ ''ਪਰਮੇਸ਼ੁਰ'' ਤੋਂ ''ਇਕ ਈਸ਼ਵਰ'' (ਉਨ੍ਹਾਂ ਮੁਤਾਬਕ ਮੂਲ ਯੂਨਾਨੀ ਭਾਸ਼ਾ ਵਿਚ ਅਜਿਹਾ ਹੀ ਹੈ ) ਬਣਾ ਕੇ ਉਹ ਆਇਤ 6 ਤਕ ਜਾਣ ਵਿਚ ਨਾਕਾਮ ਹੁੰਦੇ ਹਨ। ਕਿਉਂਕਿ ਉਨ੍ਹਾਂ ਨੂੰ ਇਸ ਤਰ੍ਹਾਂ ਅਨੁਵਾਦ ਕਰਨ ਦੀ ਹਿੰਮਤ ਨਹੀਂ ਹੁੰਦੀ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ''ਇਕ ਈਸ਼ਵਰ'' ਵੱਲੋਂ ਭੇਜਿਆ ਮਨੁੱਖ ਹੈ (ਉੱਥੇ ਯੂਨਾਨੀ ਸ਼ਬਦ ਨੂੰ ਬਦਲਿਆ ਨਹੀਂ ਗਿਆ)। ਇਸ ਤੋਂ ਇਲਾਵਾ ਯੂਹੰਨਾ 20:28 ਵਿਚ ਥੋਮਾ ਨੂੰ ਯਿਸੂ ਨੂੰ ਇਹ ਅਖਵਾਉਣ ਦੀ ਹਿੰਮਤ ਨਹੀਂ ਕਰ ਪਾਉਂਦੇ ਕਿ ''ਹੇ ਮੇਰੇ ਪ੍ਰਭੂ ਅਤੇ ਇਕ ਈਸ਼ਵਰ'' (ਉੱਥੇ ਵੀ ਯੂਨਾਨੀ ਸ਼ਬਦ ਉਹੀ ਰਹਿੰਦਾ ਹੈ)। ਉਨ੍ਹਾਂ ਦਾ ਮੰਨਣਾ ਹੈ ਕਿ ਯਿਸੂ ''ਇਕ ਈਸ਼ਵਰ'' ਸੀ, ਪਰ ਉਹ ਇਹ ਦਾਅਵਾ ਨਹੀਂ ਕਰਦੇ ਕਿ ਥੋਮਾ ਵੀ ਇਵੇਂ ਹੀ ਸੋਚਦਾ ਸੀ।

ਯਿਸੂ ਦੇ ਦੁਸ਼ਮਣ ਆਪਣੇ ਆਪ ਨੂੰ ਖ਼ੁਦਾ ਦੇ ਬਰਾਬਰ ਦੱਸਣ ਵਾਲੇ ਕਿਸੇ ਵੀ ਇਨਸਾਨ ਦਾ ਵਿਰੋਧ ਕਰਦੇ ਸਨ (ਯੂਹੰਨਾ 5:18), ਪਰ ਪੌਲੁਸ ਨੇ ਦਾਅਵਾ ਕੀਤਾ ਕਿ ਮਸੀਹ ਦਾ ਸੁਭਾਅ ਹੀ ਅਜਿਹਾ ਹੈ ਕਿ ਖ਼ੁਦਾ ਦੇ ਤੁੱਲ ਹੋਣਾ ਉਸ ਦੇ ਵੱਸ ਦੀ ਗੱਲ ਹੈ (ਫ਼ਿਲਿੱਪੀਆਂ 2:6)। ਇਸਦੇ ਅਰਥ ਮੁਤਾਬਕ, ਯਿਸੂ ਆਖੇਗਾ ਕਿ ਉਹ ਅਤੇ ਪਿਤਾ ਇੱਕੋ ਹਨ (ਯੂਹੰਨਾ 10:30 )। ਉਹ ਇਕ ਵਿਅਕਤੀ ਦੇ ਰੂਪ ਦੇ ਵਿਚ ਨਹੀਂ, ਸਗੋਂ ਇਸ ਅਰਥ ਮੁਤਾਬਕ ਇਕ ਸਨ ਕਿ ਯਿਸੂ ਵੀ ਆਪਣੇ ਪਿਤਾ ਵਾਂਗ ਹੀ ਖ਼ੁਦਾਈ ਸੁਭਾਅ ਵਿਚ ਸਾਂਝੀ ਸੀ।

ਪਿਤਾ ਨਾਲ ਇਕ ਹੋਣ ਦੇ ਯਿਸੂ ਦੇ ਦਾਅਵੇ ਨੂੰ ਉਹ ਲੋਕ ਸਾਫ਼ ਸਮਝਦੇ ਸਨ ਜੋ ਉਸ ਉੱਤੇ ਪਥਰਾਉ ਕਰਨਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਸੀ ਕਿ ਇਸ ਦਾ ਕੀ ਅਰਥ ਹੈ ਕਿ ਉਹ ''ਪਰਮੇਸ਼ੁਰ'' ਹੈ (ਯੂਹੰਨਾ 10:33)। ਦੁਨਿਆਵੀ ਪੁੱਤਰ ਵਾਂਗ ਜਿਸਦਾ ਮਾਸ ਅਤੇ ਖ਼ੂਨ ਆਪਣੇ ਪਿਤਾ ਨਾਲ ਮਿਲਦਾ ਹੈ, ਯਿਸੂ ਦਾ ਸੁਭਾਉ ਆਪਣੇ ਪਿਤਾ ਵਰਗਾ ਹੀ ਹੈ (*charakter tes hupostaseos autou,* ਇਬਰਾਨੀਆਂ 1:3) ਭਾਵ ਉਹ ਹੂ-ਬ-ਹੂ ਆਪਣੇ ਪਿਤਾ ਵਰਗਾ ਹੀ ਹੈ।

ਚੌਥੀ ਸਦੀ ਵਿਚ ਏਰੀਅਸ ਨਾਂਅ ਦੇ ਇਕ ਆਦਮੀ ਦਾ ਤਰਕ ਸੀ ਕਿ ਯਿਸੂ ਆਪਣੇ ਪਿਤਾ[3] ''ਵਰਗਾ'' *(homoios)* ਸੀ ਪਰ ਅਥੇਨੇਸਿਉਸ ਦਾ ਦਾਅਵਾ ਸੀ ਕਿ ਉਹ ਆਪਣੇ ਪਿਤਾ ਵਾਂਗ ਗੁਣਾਂ ਵਿਚ ''ਓਸੇ ਤਰ੍ਹਾਂ'' (*homnos*) ਸੀ।[3] ਯਿਸੂ ਵਿਚ ਖ਼ੁਦਾ ਹੋਣ ਦੀ ਕੋਈ ਕਮੀ ਨਹੀਂ ਸੀ, ਕਿਉਂਕਿ ਉਸ ਵਿਚ ਖ਼ੁਦਾਈ ਦੀ ਸਾਰੀ ਭਰਪੂਰੀ ਦੇਹਧਾਰੀ ਹੋ ਕੇ ਵਾਸ ਕਰਦੀ ਸੀ (ਕੁਲੁੱਸੀਆਂ 2:9)।

## ਪਰਮੇਸ਼ੁਰ ਪਵਿੱਤਰ ਆਤਮਾ

ਸੰਸਾਰ ਦੀ ਰਚਨਾ ਵਿਚ ਸਿਰਫ਼ ਖ਼ੁਦਾ ਬਾਪ, ਅਤੇ ਖ਼ੁਦਾ ਬੇਟੇ ਨੇ ਹੀ ਨਹੀਂ, ਬਲਕਿ ਇਕ ਜੀਵ ਜਿਸ ਨੂੰ ਖ਼ੁਦਾ ਦਾ ਆਤਮਾ ਆਖਿਆ ਜਾਂਦਾ ਹੈ (ਉਤਪਤ 1:2), ਅਤੇ ਧਰਤੀ ਦੇ ਪਾਣੀਆਂ ਤੇ ਸੇਉਂਦਾ ਸੀ, ਨੇ ਵੀ ਯੋਗਦਾਨ ਦਿੱਤਾ। ਇਸ ਨੇ ਜੀਵਨ ਦੀ ਰਚਨਾ ਵਿਚ ਯੋਗਦਾਨ ਦਿੱਤਾ (ਜ਼ਬੂਰ 104:30; ਅੱਯੂਬ 33:4)। ਪਵਿੱਤਰ ਆਤਮਾ ਇਸਰਾਏਲ ਵਿਚ ਰਹਿ ਕੇ

ਨਿਆਈਆਂ ਅਤੇ ਨਬੀਆਂ ਨੂੰ ਪ੍ਰੇਰਨਾ ਦਿੰਦਾ ਸੀ (ਗਿਣਤੀ 11:17, 25, 29; 2 ਸਮੂਏਲ 23:2; ਹਜੱਈ 2:5), ਪਰ ਇਸਰਾਏਲੀਆਂ ਨੇ ਬਗ਼ਾਵਤ ਕਰਕੇ ਪਵਿੱਤਰ ਆਤਮਾ ਨੂੰ ਉਦਾਸ ਕੀਤਾ ਸੀ (ਯਸਾਯਾਹ 63:10, 11)। ਦਾਊਦ ਨੇ ਅਰਜ਼ ਕੀਤੀ ਕਿ ਪਵਿੱਤਰ ਆਤਮਾ ਉਸ ਨੂੰ ਨਾ ਛੱਡੇ (ਜ਼ਬੂਰ 51:11)।

ਇਹ ਕਬੂਤਰ ਵਾਂਗ, ਯਿਸੂ ਦੇ ਡੁਬਕੀ ਭਾਵ ਬਪਤਿਸਮਾ ਲੈ ਕੇ ਪਾਣੀ 'ਚੋਂ ਬਾਹਰ ਆਉਣ ਵੇਲੇ ਉਸ 'ਤੇ ਉੱਤਰਿਆ ਸੀ (ਮੱਤੀ 3:16), ਇਸ ਤਰ੍ਹਾਂ ਯਿਸੂ ਪਵਿੱਤਰ ਆਤਮਾ ਨਾਲ ਭਰਪੂਰ ਸੀ (ਯੂਹੰਨਾ 3:34)। ਉਸਦੇ ਉਪਦੇਸ਼ ਤੇ ਕਿਰਪਾ ਦੇ ਉਹਦੇ ਕੰਮ ਕੁਝ ਹਿੱਸੇ ਵਿਚ ਸਨ ਕਿਉਂਕਿ ਜਿਵੇਂ ਉਸ ਨੇ ਕਿਹਾ ਸੀ, ''ਪ੍ਰਭੂ ਦਾ ਆਤਮਾ ਮੇਰੇ 'ਤੇ ਹੈ'' (ਲੂਕਾ 4:18; ਵੇਖੋ ਰਸੂਲਾਂ ਦੇ ਕੰਮ 10:38)।

ਧਰਤੀ ਛੱਡ ਕੇ ਜਾਣ ਦਾ ਪਹਿਲਾਂ ਹੀ ਅਨੁਮਾਨ ਲਾ ਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਇਹ ਸਮਝਾਉਂਦਿਆਂ ਕਿ ਸਚਿਆਈ ਦਾ ਆਤਮਾ ਕੀ ਹੈ ਅਤੇ ਉਹ ਸਹਾਇਕ ਕੌਣ ਹੈ ਜਿਸ ਨੂੰ ਸੰਸਾਰ ਹਾਸਲ ਨਹੀਂ ਕਰ ਸਕਦਾ, ਪਵਿੱਤਰ ਆਤਮਾ ਦੇਣ ਦਾ ਵਾਅਦਾ ਕੀਤਾ ਸੀ (ਯੂਹੰਨਾ 14:16, 17; ਵੇਖੋ KJV)। ਉਸ ਨੇ ਰਸੂਲਾਂ ਨੂੰ ਸਾਰੀ ਸਚਿਆਈ ਸਿਖਾਉਣੀ ਸੀ ਜਿਸ ਨਾਲ ਉਨ੍ਹਾਂ ਨੂੰ ਉਹ ਸਭ ਗੱਲਾਂ ਚੇਤੇ ਆ ਜਾਣੀਆਂ ਸਨ ਜੋ ਯਿਸੂ ਨੇ ਉਨ੍ਹਾਂ ਨੂੰ ਸਿਖਾਈਆਂ ਸਨ, ਭਵਿੱਖ ਦੀਆਂ ਗੱਲਾਂ ਪਰਗਟ ਕਰਨੀਆਂ ਸਨ (ਯੂਹੰਨਾ 14:26; 16:13)। ਉਨ੍ਹਾਂ ਤੇ ਆਤਮਾ ਦੇ ਆਉਣ ਨੂੰ ਡੁਬਕੀ (''ਬਪਤਿਸਮਾ ਲਿਆ'' ਰਸੂਲਾਂ ਦੇ ਕੰਮ 1:5) ਆਖਿਆ ਜਾਣਾ ਸੀ, ਅਤੇ ਉਸ ਨਾਲ ਉਨ੍ਹਾਂ ਨੂੰ ਸ਼ਕਤੀ ਮਿਲਣੀ ਸੀ (ਆਇਤ 8)। ਰਸੂਲਾਂ ਰਾਹੀਂ ਉਸਦੇ ਕੰਮ ਕਰਨ ਨੂੰ ''ਆਤਮਾ ਦਾ ਨੇਮ'' (2 ਕੁਰਿੰਥੀਆਂ 3:8) ਕਿਹਾ ਜਾਣਾ ਸੀ। ਉਸਦਾ ਵਿਰੋਧ ਕਰਨ ਵਾਲੇ ਲਈ ਕੋਈ ਮਾਫ਼ੀ ਨਹੀਂ ਸੀ (ਮੱਤੀ 12:32)। ਕੁਝ ਅਰਥਾਂ ਵਿਚ ਦਾਊਦ ਵਿਚ ਆਤਮਾ ਦੇ ਵਾਸ ਤੋਂ ਫ਼ਰਕ ਨਵੇਂ ਨੇਮ ਦੀ ਕਲੀਸੀਆ ਦੇ ਲੋਕਾਂ ਨੂੰ ਆਤਮਾ ਮਿਲਿਆ (ਯੂਹੰਨਾ 7:39; ਰਸੂਲਾਂ ਦੇ ਕੰਮ 2:38; 5:32; ਗਲਾਤੀਆਂ 4:6)।

ਆਤਮਾ ਦੇ ਮਾਸ ਅਤੇ ਹੱਡੀਆਂ ਨਹੀਂ ਹੁੰਦੀਆਂ (ਲੂਕਾ 24:39) ਤਾਂ ਵੀ ਪਵਿੱਤਰ ਆਤਮਾ ਦਾ ਦਿਮਾਗ਼ ਖ਼ੁਦਾਈ ਦੇ ਦੂਜੇ ਦੋ ਸ਼ਖ਼ਸਾਂ ਨਾਲੋਂ ਵੱਖਰਾ ਹੈ (ਰੋਮੀਆਂ 8:27)। ਉਹ ਸਭ ਕੁਝ ਜਾਣਦਾ ਹੈ (1 ਕੁਰਿੰਥੀਆਂ 2:11)। ਉਹ ਸੁਣ ਸਕਦਾ ਹੈ, ਬੋਲ ਸਕਦਾ ਹੈ ਅਤੇ ਪ੍ਰਾਰਥਨਾ ਕਰ ਸਕਦਾ ਹੈ (ਯੂਹੰਨਾ 16:13; ਰੋਮੀਆਂ 8:26)। ਉਦਾਸ ਹੋ ਸਕਦਾ ਹੈ (ਅਫ਼ਸੀਆਂ 4:30)। ਉਹ ਸਮੇਂ ਦੀਆਂ ਹੱਦਾਂ ਤੋਂ ਬਾਹਰ ਹੈ (ਇਬਰਾਨੀਆਂ 9:14)। ਉਸ ਨਾਲ ਝੂਠ ਬੋਲਣ ਦਾ ਮਤਲਬ ਖ਼ੁਦਾ ਨਾਲ ਝੂਠ ਬੋਲਣਾ ਹੈ ( ਰਸੂਲਾਂ ਦੇ ਕੰਮ 5:3, 4)। ਕਿਉਂਕਿ ਉਹ ਖ਼ੁਦਾਈ ਦੇ ਦੂਜੇ ਦੋ ਸ਼ਖ਼ਸਾਂ ਤੋਂ ਕਿਸੇ ਵੀ ਤਰ੍ਹਾਂ ਘੱਟ ਖ਼ੁਦਾ ਨਹੀਂ ਹੈ, ਇਸ ਲਈ ਯਿਸੂ ਨੇ ਸਾਫ਼ ਤੌਰ ਤੇ ਦੱਸਿਆ ਕਿ ਪਾਣੀ ਦਾ ਬਪਤਿਸਮਾ ਆਤਮਾ ਦਾ ਨਾਂਅ ਲੈ ਕੇ ਵੀ ਦਿੱਤਾ ਜਾਣਾ ਜ਼ਰੂਰੀ ਹੈ:

> ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਅਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ

ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:18-20)।

## ਸਬੰਧ

ਖ਼ੁਦਾਈ ਦੇ ਤਿੰਨ ਸ਼ਖ਼ਸਾਂ ਵਿਚ ਕੀ ਸਬੰਧ ਹੈ? ਪਿਤਾ ਅਤੇ ਪੁੱਤਰ ਅਤੇ ਆਤਮਾ ਸਭ ਸੁਭਾਉ ਵਿਚ ਭਾਵ ਖ਼ੁਦਾਈ ਅਤੇ ਖ਼ੁਦਾ ਹੋਣ ਵਿਚ ਬੇਸ਼ੱਕ ਇੱਕੋ ਹਨ, ਪਰ ਅਖ਼ਤਿਆਰ ਵਿਚ ਉਹ ਇਕ ਨਹੀਂ ਹਨ। ਹੁਣ ਨਵੇਂ ਨੇਮ ਦੇ ਯੁੱਗ ਵਿਚ, ਮਸੀਹ ਸਭ ਗੱਲਾਂ ਨੂੰ ਪੂਰਾ ਕਰਦਾ ਹੈ (ਅਫ਼ਸੀਆਂ 1:23) ਅਤੇ ਸਭ ਵਿਚ ਸਭ ਕੁਝ ਹੈ (ਕੁਲੁੱਸੀਆਂ 3:11) ਉਸਦਾ ਅਪਮਾਨ ਕਰਨ ਦਾ ਅਰਥ ਪਿਤਾ ਦਾ ਅਪਮਾਨ ਕਰਨਾ ਹੈ (ਯੂਹੰਨਾ 5:23), ਤਾਂ ਵੀ ਮਸੀਹ ਦਾ ਸਬੰਧ ਪਿਤਾ ਨਾਲ ਹੈ (1 ਕੁਰਿੰਥੀਆਂ 3:23), ਅਤੇ ਪਿਤਾ ਉਸਦਾ ਸਿਰ ਹੈ (1 ਕੁਰਿੰਥੀਆਂ 11:3)। ਖ਼ੁਦਾ ਯਿਸੂ ਨਾਲੋਂ ਵੱਡਾ ਹੈ (ਯੂਹੰਨਾ 14:28) ਭਾਵ ਸਭ ਤੋਂ ਵੱਡਾ ਹੈ (ਯੂਹੰਨਾ 10:29) ਅਤੇ ਸਭ ਤੋਂ ਉੱਪਰ ਹੈ (ਅਫ਼ਸੀਆਂ 4:6)। ਸੁਰਗ ਵਿਚ ਮਸੀਹ ਆਪ ਵੀ ਉਸਦੇ ਅਧੀਨ ਹੋਵੇਗਾ ਜਿਸ ਨੇ ਸਭ ਕੁਝ ਉਸ ਦੇ ਅਧੀਨ ਕਰ ਦਿੱਤਾ ਹੈ (1 ਕੁਰਿੰਥੀਆਂ 15:28)।

ਪਿਤਾ ਅਤੇ ਮਸੀਹ ਦੋਹਾਂ ਨੇ ਆਤਮਾ ਨੂੰ ਸੰਸਾਰ ਵਿਚ ਘੱਲਿਆ (ਯੂਹੰਨਾ 14:16; 15:26) ਅਤੇ ਜੋ ਕੁਝ ਵੀ ਉਹ ਕਰਦਾ ਹੈ ਉਹ ਯਿਸੂ ਦੀ ਵਡਿਆਈ ਵਾਸਤੇ ਹੀ ਹੈ (ਯੂਹੰਨਾ 16:14)। ਇਸ ਲਈ ਪਵਿੱਤਰ ਆਤਮਾ ਦੇ ਨਾਂਅ ਤੇ ਕੀਤੀਆਂ ਗਈਆਂ ਦੁਆਵਾਂ ਠੀਕ ਨਹੀਂ ਹਨ। ਅੱਜ ਖ਼ੁਦਾ ਦੀ ਮਰਜ਼ੀ ਨਾਲ ਹਰ ਗੱਲ ਪੁੱਤਰ ਤੇ ਕੇਂਦਰਿਤ ਹੈ। ਪਿਤਾ ਕੋਲ਼ ਸਭ ਤੋਂ ਵੱਧ ਅਖ਼ਤਿਆਰ ਹਨ, ਪਰ ਆਰਜ਼ੀ ਤੌਰ ਤੇ ਉਸਦੀ ਇਹ ਮਰਜ਼ੀ ਹੈ ਕਿ ਮਸੀਹੀ ਯੁੱਗ ਵਿਚ ਉਸ ਤੋਂ ਵੀ ਵਧ ਕੇ ਉਸ ਦੇ ਪੁੱਤਰ ਨੂੰ ਵਡਿਆਈ ਦਿੱਤੀ ਗਈ ਹੈ। ਅਜਿਹਾ ਕਿਆਮਤ ਦੇ ਦਿਨ ਤਕ ਰਹੇਗਾ, ਕਿਉਂਕਿ ਪਿਤਾ ਆਪ ਕਿਸੇ ਦਾ ਨਿਆਂ ਨਹੀਂ ਕਰਦਾ, ਪੁੱਤਰ ਹੀ ਨਿਆਂ ਕਰਦਾ ਹੈ (ਯੂਹੰਨਾ 5:22)। ਫਿਰ ਤਾਂ, ਜਦ ਸਮਾਂ ਫੇਰ ਅਨਾਦੀਕਾਲ ਵਿਚ ਚਲਿਆ ਜਾਏਗਾ, ਤਾਂ ਅਖ਼ਤਿਆਰ ਦਾ ਉਹ ਖ਼ੁਦਾਈ ਇੰਤਜ਼ਾਮ (ਪਿਤਾ ਪਹਿਲੇ ਥਾਂ ਤੇ, ਪੁੱਤਰ ਦੂਜੇ ਅਤੇ ਆਤਮਾ ਤੀਜੇ ਤੇ) ਫੇਰ ਲਾਗੂ ਹੋ ਜਾਏਗਾ।

---

ਟਿੱਪਣੀਆਂ

[1]ਰਿਚਰਡ ਸੀ. ਟ੍ਰੈਂਚ, *ਸਿਨੋਨਿਮਸ ਆਫ਼ ਦ ਨਿਊ ਟੈਸਟਾਮੈਂਟ* (ਲੰਡਨ: ਪੰਨਾ ਰਹਿਤ, 1880; ਰੀਪ੍ਰਿੰਟ ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡੀਮੈਂਸ ਪਬਲਿਸ਼ਿੰਗ ਕੰ., 1978), 7. [2]ਵਿਲੀਅਮ ਜੇਂਸੇਨਿਉਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ,* ਅਨੁ. ਐਡਵਰਡ ਰੌਬਿਨਸਨ, ਸੰਪਾ. ਫ਼੍ਰਾਂਸਿਸ ਬ੍ਰਾਊਨ, ਐੱਸ. ਆਰ. ਡ੍ਰਾਈਵਰ, ਐਂਡ ਚਾਰਲਸ ਏ. ਬ੍ਰਿਗਜ਼ (ਆਕਸਫ਼ੋਰਡ: ਕਲੇਅਰਡਨ ਪ੍ਰੈੱਸ, 1957), 43. [3]ਏਰੀਉਸ ਅਤੇ ਅਥੇਨੇਸਿਉਸ ਚਰਚ ਫ਼ਾਦਰਜ਼ ਸਨ ਜੋ ਮਸੀਹ ਦੇ ਅਨਾਦੀ ਸੁਭਾਅ ਤੇ ਇਕ ਦੂਜੇ ਨਾਲ ਸਹਿਮਤ ਨਹੀਂ ਸਨ। 35ਈ. ਵਿਚ ਨਾਈਸੀਆ ਦੀ ਸਭਾ ਨੇ ਏਰਿਉਮ ਦੇ ਵਿਚਾਰ ਨੂੰ ਕਿ ਮਸੀਹ ਸ੍ਰਿਸ਼ਟੀ ਵਿੱਚੋਂ ਇਕ ਸੀ ਜੋ ਖ਼ੁਦਾ ਦੇ ਅਨਾਦੀ ਸੁਭਾਅ ਦੇ ਅਧੀਨ ਸੀ, ਅਧਿਕਾਰਕ ਤੌਰ ਤੇ ਨਕਾਰ ਦਿੱਤਾ।